ਨਿਭਾ ਸਕੀਏ।

ਬਾਈਬਲ ਸਾਨੂੰ ਦੱਸਦੀ ਹੈ: “ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਨੂੰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।”

ਯਿਸੂ ਮਸੀਹ ਤੁਹਾਡੇ ਸਾਰੇ ਪਾਪਾਂ ਨੂੰ ਮੁਆਫ਼ ਕਰਨ ਅਤੇ ਤੁਹਾਨੂੰ ਸੁਰਗ ਵਿੱਚ ਸਦੀਵੀ ਜੀਵਨ ਦੀ ਦਾਤ ਦੇਣ ਲਈ ਤਿਆਰ ਹੈ, ਜੇ ਤੁਸੀਂ ਸੱਚੇ ਦਿਲ ਨਾਲ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਸਵੀਕਾਰ ਕਰੋ। ਤੁਸੀਂ ਹੇਠਾਂ ਦਿੱਤੀ ਹੋਈ ਨਿਮਰ ਅਤੇ ਸੱਚੀ ਪ੍ਰਾਰਥਨਾ ਕਰਕੇ ਉਸ ਨੂੰ ਆਪਣੇ ਦਿਲ ਵਿੱਚ ਸਵੀਕਾਰ ਕਰ ਸਕਦੇ ਹੋ:

ਪਿਆਰੇ ਯਿਸੂ, ਮੈਂ ਤੈਨੂੰ ਜਾਣਨਾ ਚਾਹੁੰਦਾ ਹਾਂ। ਮੇਰੇ ਲਈ ਆਪਣੀ ਜਾਨ ਦੇਣ ਲਈ ਧੰਨਵਾਦ। ਕਿਰਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਿਉ। ਮੈਂ ਤੁਹਾਨੂੰ ਆਪਣੇ ਦਿਲ ਅਤੇ ਜੀਵਨ ਵਿੱਚ ਸਵੀਕਾਰ ਕਰਦਾ ਹਾਂ। ਮੈਨੂੰ ਆਪਣੇ ਸਦੀਵੀ ਜੀਵਨ ਦੀ ਦਾਤ ਬਖ਼ਸ਼। ਮੈਨੂੰ ਆਪਣੇ ਪਿਆਰ ਨਾਲ ਭਰ ਦੇ ਅਤੇ ਮਦਦ ਕਰ ਕਿ ਮੈਂ ਹੋਰਾਂ ਲਈ ਸਹਿਣਸ਼ੀਲਤਾ ਅਤੇ ਕਰੁਣਾ ਰੱਖਾਂ। ਮੈਨੂੰ ਇਹ ਸਮਝ ਦੇ ਕਿ ਹਰ ਇਕ ਵਿਅਕਤੀ ਤੇਰੀ ਵਿਲੱਖਣ ਰਚਨਾ ਹੈ ਜੋ ਆਦਰ ਅਤੇ ਇੱਜ਼ਤ ਦੇ ਯੋਗ ਹੈ। ਆਮੀਨ

© 2020 Activated
To learn more, visit our website at: https://activated.org/en/.




ਨਿਭਾ ਸਕੀਏ।

ਬਾਈਬਲ ਸਾਨੂੰ ਦੱਸਦੀ ਹੈ: “ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਨੂੰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।”

ਯਿਸੂ ਮਸੀਹ ਤੁਹਾਡੇ ਸਾਰੇ ਪਾਪਾਂ ਨੂੰ ਮੁਆਫ਼ ਕਰਨ ਅਤੇ ਤੁਹਾਨੂੰ ਸੁਰਗ ਵਿੱਚ ਸਦੀਵੀ ਜੀਵਨ ਦੀ ਦਾਤ ਦੇਣ ਲਈ ਤਿਆਰ ਹੈ, ਜੇ ਤੁਸੀਂ ਸੱਚੇ ਦਿਲ ਨਾਲ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਸਵੀਕਾਰ ਕਰੋ। ਤੁਸੀਂ ਹੇਠਾਂ ਦਿੱਤੀ ਹੋਈ ਨਿਮਰ ਅਤੇ ਸੱਚੀ ਪ੍ਰਾਰਥਨਾ ਕਰਕੇ ਉਸ ਨੂੰ ਆਪਣੇ ਦਿਲ ਵਿੱਚ ਸਵੀਕਾਰ ਕਰ ਸਕਦੇ ਹੋ:

ਪਿਆਰੇ ਯਿਸੂ, ਮੈਂ ਤੈਨੂੰ ਜਾਣਨਾ ਚਾਹੁੰਦਾ ਹਾਂ। ਮੇਰੇ ਲਈ ਆਪਣੀ ਜਾਨ ਦੇਣ ਲਈ ਧੰਨਵਾਦ। ਕਿਰਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਿਉ। ਮੈਂ ਤੁਹਾਨੂੰ ਆਪਣੇ ਦਿਲ ਅਤੇ ਜੀਵਨ ਵਿੱਚ ਸਵੀਕਾਰ ਕਰਦਾ ਹਾਂ। ਮੈਨੂੰ ਆਪਣੇ ਸਦੀਵੀ ਜੀਵਨ ਦੀ ਦਾਤ ਬਖ਼ਸ਼। ਮੈਨੂੰ ਆਪਣੇ ਪਿਆਰ ਨਾਲ ਭਰ ਦੇ ਅਤੇ ਮਦਦ ਕਰ ਕਿ ਮੈਂ ਹੋਰਾਂ ਲਈ ਸਹਿਣਸ਼ੀਲਤਾ ਅਤੇ ਕਰੁਣਾ ਰੱਖਾਂ। ਮੈਨੂੰ ਇਹ ਸਮਝ ਦੇ ਕਿ ਹਰ ਇਕ ਵਿਅਕਤੀ ਤੇਰੀ ਵਿਲੱਖਣ ਰਚਨਾ ਹੈ ਜੋ ਆਦਰ ਅਤੇ ਇੱਜ਼ਤ ਦੇ ਯੋਗ ਹੈ। ਆਮੀਨ

© 2020 Activated
To learn more, visit our website at: https://activated.org/en/.



ਕੀ ਅੱਜ ਦੇ ਤਣਾਅ, ਝਗੜਿਆਂ, ਪੱਖਪਾਤ ਅਤੇ ਹਿੰਸਾ ਨਾਲ ਭਰੇ ਸੰਸਾਰ ਵਿੱਚ ਮੇਲ ਜੋਲ ਸੰਭਵ ਹੈ? ਤੁਸੀਂ ਕਹਿ ਸਕਦੇ ਹੋ:”ਇਹ ਤਾਂ ਅਸੰਭਵ ਹੈ!”ਜਦ ਪੱਖਪਾਤ, ਡਰ ਅਤੇ ਅਵਿਸ਼ਵਾਸ਼ ਸਦੀਆਂ ਤੋਂ ਮਨੁੱਖੀ ਮਨ ਵਿੱਚ ਵੱਸੇ ਹੋਣ, ਤਾਂ ਇਹ ਸਾਰੀਆਂ ਚੀਜ਼ਾਂ ਕਿਵੇਂ ਦੂਰ ਹੋ ਸਕਦੀਆਂ ਹਨ? ਇਸ ਦਾ ਉੱਤਰ ਸਿਰਫ਼ ਇੱਕ ਸ਼ਬਦ ਵਿੱਚ ਮਿਲਦਾ ਹੈ: ਉਹ ਹੈ ਪਿਆਰ !

ਇਹ ਸੁਣਨ ਵਿੱਚ ਇੱਕ ਉੱਚ ਆਦਰਸ਼ ਲੱਗਦਾ ਹੈ, ਪਰ ਅਸਲ ਵਿੱਚ ਕਿੰਨੇ ਲੋਕ ਆਪਣੇ ਮਨ ਵਿੱਚ ਪਾਇਆ ਹੋਇਆ ਰੋਸ, ਨਫ਼ਰਤ, ਡਰ ਜਾਂ ਹੋਰ ਨਕਾਰਾਤਮਕ ਭਾਵਨਾਵਾਂ ਨੂੰ ਚਾਹੇ ਉਹ ਕਿਸੇ ਵਿਅਕਤੀ ਵੱਲ ਹੋਣ ਜਾਂ ਪੂਰੇ ਸਮੂਹ ਵੱਲ ਤੁਰੰਤ ਛੱਡ ਸਕਦੇ ਹਨ?

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਮਨੁੱਖੀ ਹੱਦਾਂ ਹੋਣ ਦੇ ਬਾਵਜੂਦ ਵੀ ਅਸੀਂ ਇੱਕ ਦੂਜੇ ਦੇ ਅਤੀਤ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਪਿਆਰ ਅਤੇ ਆਦਰ ਕਰ ਸਕਦੇ ਹਾਂ। ਇਸ ਤਰ੍ਹਾਂ ਦੇ ਪਿਆਰ ਦੀ ਸੱਚੀ ਕੁੰਜੀ ਸਿਰਫ਼ ਇੱਕ ਸਰੋਤ ਤੋਂ ਆਉਂਦੀ ਹੈ—ਉਹ ਹੈ ਪਰਮੇਸ਼ੁਰ, ਜੋ ਪਿਆਰ ਹੈ। ਬਾਈਬਲ ਕਹਿੰਦੀ ਹੈ:”ਪਰਮੇਸ਼ੁਰ ਪਿਆਰ ਹੈ।”(1 ਯੂਹੰਨਾ 4:8) ਉਹ ਸਾਰੀ ਸ੍ਰਿਸ਼ਟੀ ਬਣਾਉਣ ਵਾਲਾ ਰਚਨਹਾਰ ਹੈ, ਜਿਸ ਨੇ ਸਾਨੂੰ ਜੀਵਨ ਦਿੱਤਾ।

ਉਸ ਨੇ ਆਪਣੇ ਆਪ ਨੂੰ ਸਾਡੇ ਉੱਤੇ ਪਰਗਟ ਕਰਨ ਲਈ ਆਪਣੇ ਇਕਲੌਤੇ ਪੁੱਤਰ ਯਿਸੂ ਮਸੀਹ ਨੂੰ ਮਨੁੱਖ ਦੇ ਰੂਪ ਵਿੱਚ ਧਰਤੀ ਉੱਤੇ ਭੇਜਿਆ। ਯਿਸੂ ਨੇ ਮਨੁੱਖੀ ਦੁੱਖ ਭੋਗਿਆ, ਅਤੇ ਲੋਕਾਂ ਲਈ ਡੂੰਘੀ ਦਇਆ ਮਹਿਸੂਸ ਕੀਤੀ, ਜਦੋਂ ਉਹ ਉਨ੍ਹਾਂ ਦੀਆਂ ਆਤਮਿਕ ਅਤੇ ਸਰੀਰਕ ਲੋੜਾਂ ਨੂੰ ਪੂਰਾ ਕਰ ਰਿਹਾ ਸੀ।

ਯਿਸੂ ਨੇ ਸਿਖਾਇਆ ਕਿ ਪਰਮੇਸ਼ੁਰ ਦੇ ਸਾਰੇ ਆਦੇਸ਼ ਇਕ ਮਹਾਨ ਹੁਕਮ ਵਿੱਚ ਹਨ : ਇਕ ਦੂਜੇ ਨੂੰ ਪਿਆਰ ਕਰੋ । ਉਸ ਨੇ ਕਿਹਾ: “ਤੂੰ ਆਪਣੇ ਪਰਮੇਸ਼ੁਰ, ਪ੍ਰਭੂ ਨੂੰ ਆਪਣੇ ਸਾਰੇ ਦਿਲ, ਆਪਣੀ ਸਾਰੀ ਆਤਮਾ, ਅਤੇ ਆਪਣੇ ਸਾਰੇ ਮਨ ਨਾਲ ਪਿਆਰ ਕਰ ਅਤੇ ਤੂੰ ਆਪਣੇ ਪੜੋਸੀ ਨੂੰ ਆਪਣੇ ਆਪ ਵਾਂਗ ਪਿਆਰ ਕਰ।” (ਮੱਤੀ 22:37–40)

ਜਦ ਯਿਸੂ ਇਹ ਉਪਦੇਸ਼ ਦੇ ਰਿਹਾ ਸੀ, ਇੱਕ ਧਾਰਮਿਕ ਵਿਦਵਾਨ ਨੇ ਇਹ ਸੁਣ ਕੇ ਉਨ੍ਹਾਂ ਨੂੰ ਸਭ ਦੇ ਸਾਹਮਣੇ ਸਵਾਲ ਕੀਤਾ: “ਤਾਂ ਫਿਰ ਮੇਰਾ ਪੜੋਸੀ ਕੌਣ ਹੈ?” ਯਿਸੂ ਨੇ ਇਸ ਦਾ ਜਵਾਬ “ਚੰਗੇ ਸਾਮਰੀ” ਦੀ ਕਹਾਣੀ ਰਾਹੀਂ ਦਿੱਤਾ (ਲੂਕਾ 10:25–37), ਜਿਸ ਰਾਹੀਂ ਉਨ੍ਹਾਂ ਨੇ ਸਾਫ਼ ਦਿਖਾ ਦਿੱਤਾ ਕਿ ਸਾਡਾ ਪੜੋਸੀ ਉਹ ਹਰ ਕੋਈ ਹੈ ਜਿਸਨੂੰ ਸਾਡੀ ਮਦਦ ਦੀ ਲੋੜ ਹੈ— ਭਾਵੇਂ ਉਹ ਕਿਸੇ ਵੀ ਜਾਤ, ਧਰਮ, ਰੰਗ ਜਾਂ ਕੌਮ ਤੋਂ ਹੋਵੇ। ਜਦੋਂ ਅਸੀ ਆਪਣੀ ਜ਼ਿੰਦਗੀ ਪਰਮੇਸ਼ੁਰ ਦੇ ਦਰਸ਼ਨ ਲਈ ਮਨੁੱਖਤਾ ਵਾਸਤੇ ਆਤਮਿਕ ਤੌਰ ਤੇ ਜੀਉਂਦੇ ਹਾਂ, ਤਾਂ ਅਸੀਂ ਹੋਰਾਂ ਵਿੱਚ ਕਮੀਆਂ ਦੀ ਥਾਂ ਉਨ੍ਹਾਂ ਦੀ ਕਦਰ, ਮਰਿਆਦਾ, ਅਤੇ ਮਹੱਤਤਾ ਵੇਖ ਸਕਦੇ ਹਾਂ—ਜੋ ਪਰਮੇਸ਼ੁਰ ਦੀ ਸੂਰਤ ਵਿੱਚ ਬਣਾਏ ਹੋਏ ਵਿਅਕਤੀ ਹਨ।

ਸੋਚੋ ਕਿ ਇਹ ਸੰਸਾਰ ਕਿੰਨਾ ਸੋਹਣਾ ਹੁੰਦਾ, ਜੇ ਅਸੀਂ ਕਿਸੇ ਵਿਅਕਤੀ ਨੂੰ ਵੇਖਕੇ ਸਿਰਫ਼ ਪਰਮੇਸ਼ੁਰ ਦਾ ਪਿਆਰ ਹੀ ਦੇਖਦੇ ਨਾ ਕਿ ਉਸਦੀ ਜਾਤੀ ਜਾਂ ਪਿਛੋਕੜ ਨੂੰ! ਇਹ ਯਿਸੂ ਮਸੀਹ ਵਿੱਚ ਸੰਭਵ ਹੈ, ਜਿੱਥੇ “ਨਾ ਯਹੂਦੀ ਹੈ, ਨਾ ਯੂਨਾਨੀ; ਨਾ ਗੁਲਾਮ ਹੈ, ਨਾ ਆਜ਼ਾਦ; ਨਾ ਨਰ ਹੈ, ਨਾ ਨਾਰੀ; ਕਿਉਂਕਿ ਤੁਸੀਂ ਸਭ ਮਸੀਹ ਯਿਸੂ ਵਿੱਚ ਇੱਕ ਹੋ!” (ਗਲਾਤੀਆਂ 3:28)ਅਸੀਂ ਆਪਣੇ ਪੜੋਸੀ ਨਾਲ ਪਿਆਰ ਕਰਨਾ ਸਿਖ ਸਕਦੇ ਹਾਂ ਅਤੇ ਪਰਮੇਸ਼ੁਰ ਤੋਂ ਇਹ ਮੰਗ ਸਕਦੇ ਹਾਂ ਕਿ ਉਹ ਸਾਨੂੰ ਹੋਰਾਂ ਲਈ ਆਪਣਾ ਪਿਆਰ ਦੇਵੇ, ਤਾਂ ਜੋ ਅਸੀਂ ਦੁਨੀਆਂ ਵਿੱਚ ਸ਼ਾਂਤੀ ਲਿਆਉਣ ਲਈ ਆਪਣੀ ਭੂਮਿਕਾ

ਕੀ ਅੱਜ ਦੇ ਤਣਾਅ, ਝਗੜਿਆਂ, ਪੱਖਪਾਤ ਅਤੇ ਹਿੰਸਾ ਨਾਲ ਭਰੇ ਸੰਸਾਰ ਵਿੱਚ ਮੇਲ ਜੋਲ ਸੰਭਵ ਹੈ? ਤੁਸੀਂ ਕਹਿ ਸਕਦੇ ਹੋ:”ਇਹ ਤਾਂ ਅਸੰਭਵ ਹੈ!”ਜਦ ਪੱਖਪਾਤ, ਡਰ ਅਤੇ ਅਵਿਸ਼ਵਾਸ਼ ਸਦੀਆਂ ਤੋਂ ਮਨੁੱਖੀ ਮਨ ਵਿੱਚ ਵੱਸੇ ਹੋਣ, ਤਾਂ ਇਹ ਸਾਰੀਆਂ ਚੀਜ਼ਾਂ ਕਿਵੇਂ ਦੂਰ ਹੋ ਸਕਦੀਆਂ ਹਨ? ਇਸ ਦਾ ਉੱਤਰ ਸਿਰਫ਼ ਇੱਕ ਸ਼ਬਦ ਵਿੱਚ ਮਿਲਦਾ ਹੈ: ਉਹ ਹੈ ਪਿਆਰ !

ਇਹ ਸੁਣਨ ਵਿੱਚ ਇੱਕ ਉੱਚ ਆਦਰਸ਼ ਲੱਗਦਾ ਹੈ, ਪਰ ਅਸਲ ਵਿੱਚ ਕਿੰਨੇ ਲੋਕ ਆਪਣੇ ਮਨ ਵਿੱਚ ਪਾਇਆ ਹੋਇਆ ਰੋਸ, ਨਫ਼ਰਤ, ਡਰ ਜਾਂ ਹੋਰ ਨਕਾਰਾਤਮਕ ਭਾਵਨਾਵਾਂ ਨੂੰ ਚਾਹੇ ਉਹ ਕਿਸੇ ਵਿਅਕਤੀ ਵੱਲ ਹੋਣ ਜਾਂ ਪੂਰੇ ਸਮੂਹ ਵੱਲ ਤੁਰੰਤ ਛੱਡ ਸਕਦੇ ਹਨ?

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਮਨੁੱਖੀ ਹੱਦਾਂ ਹੋਣ ਦੇ ਬਾਵਜੂਦ ਵੀ ਅਸੀਂ ਇੱਕ ਦੂਜੇ ਦੇ ਅਤੀਤ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਪਿਆਰ ਅਤੇ ਆਦਰ ਕਰ ਸਕਦੇ ਹਾਂ। ਇਸ ਤਰ੍ਹਾਂ ਦੇ ਪਿਆਰ ਦੀ ਸੱਚੀ ਕੁੰਜੀ ਸਿਰਫ਼ ਇੱਕ ਸਰੋਤ ਤੋਂ ਆਉਂਦੀ ਹੈ—ਉਹ ਹੈ ਪਰਮੇਸ਼ੁਰ, ਜੋ ਪਿਆਰ ਹੈ। ਬਾਈਬਲ ਕਹਿੰਦੀ ਹੈ:”ਪਰਮੇਸ਼ੁਰ ਪਿਆਰ ਹੈ।”(1 ਯੂਹੰਨਾ 4:8) ਉਹ ਸਾਰੀ ਸ੍ਰਿਸ਼ਟੀ ਬਣਾਉਣ ਵਾਲਾ ਰਚਨਹਾਰ ਹੈ, ਜਿਸ ਨੇ ਸਾਨੂੰ ਜੀਵਨ ਦਿੱਤਾ।

ਉਸ ਨੇ ਆਪਣੇ ਆਪ ਨੂੰ ਸਾਡੇ ਉੱਤੇ ਪਰਗਟ ਕਰਨ ਲਈ ਆਪਣੇ ਇਕਲੌਤੇ ਪੁੱਤਰ ਯਿਸੂ ਮਸੀਹ ਨੂੰ ਮਨੁੱਖ ਦੇ ਰੂਪ ਵਿੱਚ ਧਰਤੀ ਉੱਤੇ ਭੇਜਿਆ। ਯਿਸੂ ਨੇ ਮਨੁੱਖੀ ਦੁੱਖ ਭੋਗਿਆ, ਅਤੇ ਲੋਕਾਂ ਲਈ ਡੂੰਘੀ ਦਇਆ ਮਹਿਸੂਸ ਕੀਤੀ, ਜਦੋਂ ਉਹ ਉਨ੍ਹਾਂ ਦੀਆਂ ਆਤਮਿਕ ਅਤੇ ਸਰੀਰਕ ਲੋੜਾਂ ਨੂੰ ਪੂਰਾ ਕਰ ਰਿਹਾ ਸੀ।

ਯਿਸੂ ਨੇ ਸਿਖਾਇਆ ਕਿ ਪਰਮੇਸ਼ੁਰ ਦੇ ਸਾਰੇ ਆਦੇਸ਼ ਇਕ ਮਹਾਨ ਹੁਕਮ ਵਿੱਚ ਹਨ : ਇਕ ਦੂਜੇ ਨੂੰ ਪਿਆਰ ਕਰੋ । ਉਸ ਨੇ ਕਿਹਾ: “ਤੂੰ ਆਪਣੇ ਪਰਮੇਸ਼ੁਰ, ਪ੍ਰਭੂ ਨੂੰ ਆਪਣੇ ਸਾਰੇ ਦਿਲ, ਆਪਣੀ ਸਾਰੀ ਆਤਮਾ, ਅਤੇ ਆਪਣੇ ਸਾਰੇ ਮਨ ਨਾਲ ਪਿਆਰ ਕਰ ਅਤੇ ਤੂੰ ਆਪਣੇ ਪੜੋਸੀ ਨੂੰ ਆਪਣੇ ਆਪ ਵਾਂਗ ਪਿਆਰ ਕਰ।” (ਮੱਤੀ 22:37–40)

ਜਦ ਯਿਸੂ ਇਹ ਉਪਦੇਸ਼ ਦੇ ਰਿਹਾ ਸੀ, ਇੱਕ ਧਾਰਮਿਕ ਵਿਦਵਾਨ ਨੇ ਇਹ ਸੁਣ ਕੇ ਉਨ੍ਹਾਂ ਨੂੰ ਸਭ ਦੇ ਸਾਹਮਣੇ ਸਵਾਲ ਕੀਤਾ: “ਤਾਂ ਫਿਰ ਮੇਰਾ ਪੜੋਸੀ ਕੌਣ ਹੈ?” ਯਿਸੂ ਨੇ ਇਸ ਦਾ ਜਵਾਬ “ਚੰਗੇ ਸਾਮਰੀ” ਦੀ ਕਹਾਣੀ ਰਾਹੀਂ ਦਿੱਤਾ (ਲੂਕਾ 10:25–37), ਜਿਸ ਰਾਹੀਂ ਉਨ੍ਹਾਂ ਨੇ ਸਾਫ਼ ਦਿਖਾ ਦਿੱਤਾ ਕਿ ਸਾਡਾ ਪੜੋਸੀ ਉਹ ਹਰ ਕੋਈ ਹੈ ਜਿਸਨੂੰ ਸਾਡੀ ਮਦਦ ਦੀ ਲੋੜ ਹੈ— ਭਾਵੇਂ ਉਹ ਕਿਸੇ ਵੀ ਜਾਤ, ਧਰਮ, ਰੰਗ ਜਾਂ ਕੌਮ ਤੋਂ ਹੋਵੇ। ਜਦੋਂ ਅਸੀ ਆਪਣੀ ਜ਼ਿੰਦਗੀ ਪਰਮੇਸ਼ੁਰ ਦੇ ਦਰਸ਼ਨ ਲਈ ਮਨੁੱਖਤਾ ਵਾਸਤੇ ਆਤਮਿਕ ਤੌਰ ਤੇ ਜੀਉਂਦੇ ਹਾਂ, ਤਾਂ ਅਸੀਂ ਹੋਰਾਂ ਵਿੱਚ ਕਮੀਆਂ ਦੀ ਥਾਂ ਉਨ੍ਹਾਂ ਦੀ ਕਦਰ, ਮਰਿਆਦਾ, ਅਤੇ ਮਹੱਤਤਾ ਵੇਖ ਸਕਦੇ ਹਾਂ—ਜੋ ਪਰਮੇਸ਼ੁਰ ਦੀ ਸੂਰਤ ਵਿੱਚ ਬਣਾਏ ਹੋਏ ਵਿਅਕਤੀ ਹਨ।

ਸੋਚੋ ਕਿ ਇਹ ਸੰਸਾਰ ਕਿੰਨਾ ਸੋਹਣਾ ਹੁੰਦਾ, ਜੇ ਅਸੀਂ ਕਿਸੇ ਵਿਅਕਤੀ ਨੂੰ ਵੇਖਕੇ ਸਿਰਫ਼ ਪਰਮੇਸ਼ੁਰ ਦਾ ਪਿਆਰ ਹੀ ਦੇਖਦੇ ਨਾ ਕਿ ਉਸਦੀ ਜਾਤੀ ਜਾਂ ਪਿਛੋਕੜ ਨੂੰ! ਇਹ ਯਿਸੂ ਮਸੀਹ ਵਿੱਚ ਸੰਭਵ ਹੈ, ਜਿੱਥੇ “ਨਾ ਯਹੂਦੀ ਹੈ, ਨਾ ਯੂਨਾਨੀ; ਨਾ ਗੁਲਾਮ ਹੈ, ਨਾ ਆਜ਼ਾਦ; ਨਾ ਨਰ ਹੈ, ਨਾ ਨਾਰੀ; ਕਿਉਂਕਿ ਤੁਸੀਂ ਸਭ ਮਸੀਹ ਯਿਸੂ ਵਿੱਚ ਇੱਕ ਹੋ!” (ਗਲਾਤੀਆਂ 3:28)ਅਸੀਂ ਆਪਣੇ ਪੜੋਸੀ ਨਾਲ ਪਿਆਰ ਕਰਨਾ ਸਿਖ ਸਕਦੇ ਹਾਂ ਅਤੇ ਪਰਮੇਸ਼ੁਰ ਤੋਂ ਇਹ ਮੰਗ ਸਕਦੇ ਹਾਂ ਕਿ ਉਹ ਸਾਨੂੰ ਹੋਰਾਂ ਲਈ ਆਪਣਾ ਪਿਆਰ ਦੇਵੇ, ਤਾਂ ਜੋ ਅਸੀਂ ਦੁਨੀਆਂ ਵਿੱਚ ਸ਼ਾਂਤੀ ਲਿਆਉਣ ਲਈ ਆਪਣੀ ਭੂਮਿਕਾ